# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,

ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ
ਫੋਨ ਨੰ:0172-5212364 **Website: www.ssapunjab.org**

---

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ)
ਪੰਜਾਬ

ਮੀਮੋ ਨੰ : ਸਸਅ/ਐਮਸੀ/2016/ 7162
ਮਿਤੀ : 27-4-2016

ਵਿਸ਼ਾ :- ਵਿਸ਼ਵ ਵੈਟਨਰੀ ਦਿਵਸ ਮਨਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਵਿਸ਼ਵ ਵੈਟਨਰੀ ਦਿਵਸ ਮਨਾਉਣ ਦੀ ਪ੍ਰਥਾ ਸੰਨ 2000 ਵਿੱਚ ਵਿਸ਼ਵ ਵੈਟਨਰੀ ਸੰਸਥਾ ਨੇ ਆਰੰਭ ਕੀਤੀ। ਵਿਸ਼ਵ ਵੈਟਨਰੀ ਦਿਵਸ ਸੰਸਾਰ ਭਰ ਵਿੱਚ ਹਰ ਸਾਲ ਅਪ੍ਰੈਲ ਮਹੀਨੇ ਦੇ ਆਖਰੀ ਸ਼ਨਿੱਚਰਵਾਰ ਨੂੰ ਮਨਾਇਆ ਜਾਂਦਾ ਹੈ। ਇੱਕ ਵੈਟਨਰੀ ਡਾਕਟਰ ਬਣਨ ਲਈ ਭਾਰਤ ਵਰਸ਼ ਦੀ ਕਿਸੇ ਵੀ ਮਾਨਤਾ ਪ੍ਰਾਪਤ ਵੈਟਨਰੀ ਸੰਸਥਾ ਤੋਂ ਪੂਰੇ 5 ਸਾਲ ਦੀ ਬੀ.ਵੀ.ਐਸ.ਸੀ. ਐਂਡ ਏ.ਐਚ. ਦੀ ਡਿਗਰੀ ਪ੍ਰਾਪਤ ਕਰਨੀ ਪੈਂਦੀ ਹੈ। ਵੈਟਨਰੀ ਡਾਕਰਟਰ ਜਿਥੇ ਬਿਮਾਰ ਪਸ਼ੂਆਂ ਦਾ ਇਲਾਜ ਕਰਦਾ ਹੈ, ਪਸ਼ੂਆਂ ਨੂੰ ਵੱਖ-ਵੱਖ ਬਿਮਾਰੀਆਂ ਤੋਂ ਬਚਾਉਂਦਾ ਹੈ, ਉੱਥੇ ਉਹ ਪਸੂ ਪਾਲਕਾਂ ਨੂੰ ਚੰਗੀ ਨਸਲ ਦੇ ਪਸ਼ੂ ਪੈਦਾ ਕਰਨ, ਸਾਫ-ਸੁਥਰਾ ਅਤੇ ਵਧੇਰੇ ਦੁੱਧ ਪੈਦਾ ਕਰਨ ਦੀ ਜਾਣਕਾਰੀ ਵੀ ਦੇਂਦਾ ਹੈ ਜਿਸ ਨਾਲ ਪਸ਼ੂ ਪਾਲਕਾਂ ਦੀ ਕਮਾਈ ਵਧਦੀ ਹੈ ਅਤੇ ਉਨ੍ਹਾਂ ਦਾ ਆਰਥਿਕ ਪੱਧਰ ਉਚਾ ਹੁੰਦਾ ਹੈ। ਪਸ਼ੂਆਂ ਤੋਂ ਮਨੁੱਖਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਜਿਵੇਂ ਹਲਕਾਅ, ਟੀ.ਬੀ.,ਬਰੂਸੀਲੋਸਿਸ (ਮਨੁੱਖ ਦੇ ਹੱਡਾ ਪੈਰਾਂ ਵਿੱਚ ਦਰਦ ਅਤੇ ਹਲਕਾ ਬੁਖਾਰ ਰਹਿਣਾ ਆਦਿ) ਲੱਗ ਸਕਦੀਆਂ ਹਨ। ਵੈਟਨਰੀ ਡਾਕਟਰ ਇਨ੍ਹਾਂ ਬਿਮਾਰੀਆਂ ਤੋਂ ਪਸ਼ੂਆਂ ਨੂੰ ਬਚਾਉਂਦਾ ਹੈ ਅਤੇ ਅਸਿੱਧੇ ਤੌਰ ਤੇ ਮਨੁੱਖੀ ਸਿਹਤ-ਸੰਭਾਲ ਵਿੱਚ ਵੀ ਯੋਗਦਾਨ ਪਾਉਂਦਾ ਹੈ।

2.0 ਉੱਕਤ ਸਬੰਧੀ ਲਿਖਿਆ ਜਾਂਦਾ ਹੈ ਕਿ ਮਿਤੀ 30 ਅਪ੍ਰੈਲ 2016 ਨੂੰ ਆਪਣੇ ਜ਼ਿਲ੍ਹੇ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਵਿਸ਼ਵ ਵੈਟਨਰੀ ਦਿਵਸ ਮਨਾਉਣ ਹਿੱਤ ਸਵੇਰੇ 8:00 ਵਜੇ ਤੋਂ 8:20 ਤੱਕ ਜ਼ਿਲ੍ਹੇ ਦੇ ਵੈਟਨਰੀ ਅਫ਼ਸਰ ਸਕੂਲਾਂ ਵਿੱਚ ਜਾ ਕੇ ਵਿਸ਼ਵ ਵੈਟਨਰੀ ਦਿਵਸ ਤੇ ਵੈਟਨਰੀ ਕਿੱਤੇ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦੇਣਗੇ।ਸਮੂਹ ਸਕੂਲ ਮੁੱਖੀ ਅਤੇ ਅਧਿਆਪਕ ਉੱਕਤ ਕਾਰਜ ਸਬੰਧੀ ਸਹਿਯੋਗ ਦੇਣਗੇ।

3.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ- ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ

**ਪਿੱਠਅੰਕਣ ਨੰ : ਸਸਅ/ਐਮਸੀ/2016/** 7163 ਮਿਤੀ : 27-4-2016

ਉੱਕਤ ਦਾ ਉਤਾਰਾ ਰਜਿਸਟਰਾਰ, ਪੰਜਾਬ ਵੈਟਨਰੀ ਕਾਊਂਸਿਲ, ਸੈਕਟਰ 17 ਏ, ਚੰਡੀਗੜ੍ਹ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ- ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ